ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

((S.S.S. Board, Punjab)

ਵਣ ਕੰਪਲੈਕਸ, ਸੈਕਟਰ-68, ਐਸ.ਏ.ਐਸ. ਨਗਰ (ਮੋਹਾਲੀ)

**ਜਨਤਕ ਨਿਯੁਕਤੀਆਂ**

ਇਸਤਿਹਾਰ ਨੰ: 05 ਆਫ 2016

ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਤੋਂ ਮੰਗ ਪੱਤਰ ਪ੍ਰਾਪਤ ਹੋਣ ਉਪਰੰਤ ਹੇਠ ਲਿਖੀਆਂ ਡਰਾਈਵਰਾਂ ਦੀਆਂ ਆਸਾਮੀਆਂ ਦੀ ਭਰਤੀ ਲਈ ਆਨਲਾਈਨ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ:-

| ਡਰਾਈਵਰ ਦੀ ਆਸਾਮੀ ਦਾ ਕੋਡ | ਆਸਾਮੀਆਂ ਦੀ ਕੁੱਲ ਗਿਣਤੀ | ਲੋੜੀਂਦਾ ਡਰਾਈਵਿੰਗ ਲਾਇਸੰਸ | ਵਿਦਿਅਕ ਯੋਗਤਾ | ਡਰਾਈਵਿੰਗ ਸਬੰਧੀ ਲੋੜੀਂਦਾ ਤਜਰਬਾ |
|---|---|---|---|---|
| 01 | 10 | ਐਲ.ਐਮ.ਵੀ./ ਐਲ.ਟੀ.ਵੀ. | 8ਵੀਂ ਪਾਸ ਹੋਵੇ | 4 ਸਾਲ |
| 02 | 37 | ਐਚ.ਐਮ.ਵੀ. | 10ਵੀਂ ਪਾਸ ਹੋਵੇ | - |
| 03 | 01 | ਐਚ.ਐਮ.ਵੀ./ ਐਚ.ਟੀ.ਵੀ. | 8ਵੀਂ ਪਾਸ ਹੋਵੇ | 5 ਸਾਲ |
| 04 | 11 | ਐਲ.ਟੀ.ਵੀ. | 8ਵੀਂ ਪਾਸ ਹੋਵੇ | - |
| 05 | 03 | ਐਲ.ਐਮ.ਵੀ/ ਐਚ.ਟੀ.ਵੀ. | 10ਵੀਂ ਪਾਸ ਹੋਵੇ | 3 ਸਾਲ |
| 06 | 08 | ਐਲ.ਐਮ.ਵੀ. | 8ਵੀਂ ਪਾਸ ਹੋਵੇ | 3 ਸਾਲ |
| 07 | 37 | ਐਚ.ਟੀ.ਵੀ. (Valid for hilly area) | 8ਵੀਂ ਪਾਸ ਹੋਵੇ | - |
| 08 | 53 | ਐਲ.ਐਮ.ਵੀ./ ਐਚ.ਟੀ.ਵੀ | ਪੰਜਾਬੀ ਲਿਖਣ ਤੇ ਪੜ੍ਹਣ ਦੀ ਜਾਣਕਾਰੀ ਰੱਖਦਾ ਹੋਵੇ | 3 ਸਾਲ |
| 09 | 01 | ਐਲ.ਟੀ.ਵੀ. | 5ਵੀਂ ਪਾਸ ਹੋਵੇ | 4 ਸਾਲ |
| 10 | 04 | ਐਲ.ਟੀ.ਵੀ. | 10+2 ਪਾਸ ਹੋਵੇ | 5 ਸਾਲ |

| | | | | |
|---|---|---|---|---|
| **ਟਰੈਕਟਰ ਡਰਾਈਵਰ** | 10 | ਟਰੈਕਟਰ ਡਰਾਈਵਿੰਗ ਲਾਇਸੰਸ | ੳ) ਪੰਜਾਬੀ ਲਿਖਣ ਤੇ ਪੜ੍ਹਣ ਦੀ ਜਾਣਕਾਰੀ ਰੱਖਦਾ ਹੋਵੇ;<br>ਅ) ਟਰੈਕਟਰ ਦੀ ਮੁਰੰਮਤ ਦੀ ਜਾਣਕਾਰੀ ਰੱਖਦਾ ਹੋਵੇ। | 5 ਸਾਲ ਦਾ ਤਜਰਬਾ ਰੱਖਦਾ ਹੋਵੇ। |

| | | | | |
|---|---|---|---|---|
| **ਡਰਾਈਵਰ-ਕਮ-ਹੈਲਪਰ** | 16 | ਐਲ.ਐਮ.ਵੀ./ ਕਾਰ/ਜੀਪ/ ਸਟੇਸ਼ਨ ਵੇਗਨ | ੳ) 8ਵੀਂ ਪਾਸ ਹੋਵੇ<br>ਅ) ਮੋਟਰ ਮਕੈਨਿਕ ਦੀ ਜਾਣਕਾਰੀ ਰੱਖਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ। | 5 ਸਾਲ ਦਾ ਤਜਰਬਾ ਰੱਖਦਾ ਹੋਵੇ। |

ਉਪਰੋਕਤ ਆਸਾਮੀਆਂ ਦੀ ਭਰਤੀ ਲਈ ਬਿਨੈਕਾਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਵੈਬਸਾਈਟ www.punjabsssb.gov.in ਤੇ ਮਿਤੀ 15.09.2016 ਤੋਂ 30.09.2016 ਤੱਕ ਸ਼ਾਮ 5.00 ਵਜੇ ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ।

2. ਉਪਰੋਕਤ ਆਸਾਮੀਆਂ ਲਈ ਜਿਥੇ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਮੈਟ੍ਰਿਕ ਜਾਂ ਉਸ ਤੋਂ ਉਪਰ ਹੈ, ਉਥੇ ਉਮੀਦਵਾਰ ਵਲੋਂ ਮੈਟ੍ਰਿਕ ਪੱਧਰ ਤੇ ਪੰਜਾਬੀ ਪਾਸ ਅਤੇ ਜਿਥੇ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਮੈਟ੍ਰਿਕ ਤੋਂ ਘੱਟ ਹੈ, ਉਥੇ ਲੋੜੀਂਦੀ ਵਿਦਿਅਕ ਯੋਗਤਾ ਦੇ ਪੱਧਰ ਤੇ ਪੰਜਾਬੀ ਪਾਸ ਹੋਵੇ।

3.	ਵੱਖ-ਵੱਖ ਆਸਾਮੀ ਕੋਡ ਵਿਰੁੱਧ ਅਪਲਾਈ ਕਰਨ ਵਾਲੇ ਉਮੀਦਵਾਰਾਂ ਪਾਸ ਮੰਗਿਆ ਗਿਆ ਤਜਰਬਾ, ਲੋੜੀਂਦੇ ਡਰਾਈਵਿੰਗ ਲਾਈਸੰਸ ਅਨੁਸਾਰ ਡਰਾਈਵਿੰਗ ਦਾ ਹੋਣਾ ਚਾਹੀਦਾ ਹੈ।

4.	ਤਨਖਾਹ ਸਕੇਲ 5910-20200+2400 ਗ੍ਰੇਡ ਪੇਅ (ਤਨਖਾਹ ਸਬੰਧੀ ਪੰਜਾਬ ਸਰਕਾਰ, ਵਿੱਤ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਲਾਗੂ ਹੋਣਗੀਆਂ।

5.	ਡਰਾਈਵਰ ਦੀਆਂ ਵੱਖ-ਵੱਖ ਕੋਡ ਦੀਆਂ ਆਸਾਮੀਆਂ ਭਰਨ ਲਈ ਬਿਨਕਾਰਾਂ ਵੱਲੋਂ ਵੱਖਰਾ ਵੱਖਰਾ ਫਾਰਮ ਅਤੇ ਵੱਖਰੀ ਵੱਖਰੀ ਫੀਸ ਭਰਨੀ ਹੋਵੇਗੀ। ਉਮੀਦਵਾਰ ਜਿਸ ਕੋਡ ਦੀ ਆਸਾਮੀ ਲਈ ਅਪਲਾਈ ਕਰੇਗਾ ਉਸ ਨੂੰ ਕੇਵਲ ਉਸੇ ਕੋਡ ਅਧੀਨ ਹੀ ਵਿਚਾਰਿਆ ਜਾਵੇਗਾ।

6.	ਉਕਤ ਦਰਸਾਈਆਂ ਸਾਰੀਆਂ ਆਸਾਮੀਆਂ ਦੀ ਗਿਣਤੀ ਘਟਾਈ/ਵਧਾਈ ਜਾ ਸਕਦੀ ਹੈ।

7.	ਉਕਤ ਆਸਾਮੀਆਂ ਨਾਲ ਸਬੰਧੀ ਵਿਸਥਾਰਪੂਰਵਕ ਵੇਰਵੇ, ਜਿਵੇਂ ਕਿ ਆਸਾਮੀਆਂ ਦਾ ਕੈਟਾਗਰੀਵਾਈਜ਼ ਵੇਰਵਾ, ਵਿਦਿਅਕ ਯੋਗਤਾਵਾਂ, ਉਮਰ ਸੀਮਾ, ਚੋਣ ਵਿਧੀ, ਕੈਟਾਗਰੀ ਕੋਡ, ਹੋਰ ਹਦਾਇਤਾਂ ਅਤੇ ਸ਼ਰਤਾਂ/ਬਾਨਾਂ ਆਦਿ ਅਧੀਨ ਸੇਵਾਵਾਂ ਚੋਣ ਬੋਰਡ ਦੀ ਵੈਬਸਾਈਟ www.punjabsssb.gov.in ਤੇ ਉਪਲਬਧ ਹਨ।

ਮਿਤੀ: 09.09.2016

ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।